# Safety Rules & Regulations for Truck Operators

Coast2000
A Western IntermodeX Enterprise

**Personal Protective Equipment (PPE)** must be worn at all times on the terminal property. **PPE** consists of a high visibility vest and CSA approved safety boots. **No** Exceptions.

## Onsite Regulations

- Terminal speed limit is **20 KM/H**. Obey all signage and follow the marked traffic pattern.
- Vehicle speeds must reduce to 10 KM/H at all gate areas, pedestrian cross walks, reefer point and shop area. Repeat speed infractions will not be tolerated.
- Container Yard Operators (Equipment) have the right of way. Never cut in front of or behind Coast2000 Equipment.
- Do not drive under suspended containers
- Always listen for instructions from Coast2000 operators and checkers.
- Truck Headlights must be turned ON, use parking lights when stopped.
- Drivers are not to block the corner on Portside and the main gate.
- Use of cell phones while driving is prohibited.
- Drivers are to keep their trucks moved up at the gate line at all times. Do not leave spaces between trucks.
- Keep the out-gate area clear, pull forward to the stop signs or the truck in front of you.
- Do not block crosswalks.
- Please line up single file in loading or unloading areas. Drivers are not to park side-by-side in container yard.
- Do NOT back up in the yard or gate area unless specifically asked to do so by the operator or checker.
- If you drive past the location desired in the yard, follow the traffic pattern and return back to the location.
- Drivers are to remain in the their trucks at all times unless requested by an operator or checker to confirm reefer setting or at the designated inspection lanes.
- Container doors must be closed and secured before moving truck. Do not tie doors open.
- If loading or offloading cargo at Coast2000, do not open the doors at the out gate, open them at the dock.
- Expandable style chassis' must have the axles retracted under the rear of the container to allow clear access by the checkers to safely inspect the container. Axles MUST be retracted before entering terminal.

## Unloading

- When dropping off a container, park directly in front of the location given.
- Ensure the container is unlocked from chassis at the "in-Gate" and remains unlocked during the unloading procedure.
- Do not move the truck until the terminal has lifted the container from the chassis to block

## Loading

- When picking up a container, park at the block before the location given.
- Do not move the truck until terminal equipment moves clear from container.
- Do not lock the container to the chassis until at the "Out-gate".

## Accidents, Injury and Emergencies

- In case of accident, do not move the truck unless there is immediate danger. The truck and driver must remain in position to participate int he accident investigation and provide relevant documentation. The truck driver may collect information during the investigation. All damage to the truck or chassis must be reported prior to leaving the terminal. Failure to report a claim for damage to truck, chassis, equipment, container or cargo prior to exiting the terminal shall release Coast2000 from all liability.
- In case of injury, contact Coast2000 personnel immediately and request first aid assistance.
- No drugs or alcohol permitted onsite. Any driver suspected of being impaired by drugs or alcohol will be refused service and the police will be called. Coast2000 shall not be held liable for any damage caused to truck, chassis, equipment, container or cargo that is deemed unsuitably maintained or believed to have had any pre-existing damage.

**Safety is everyone's responsibility.**

# ਟਰੱਕ ਡਰਾਈਵਰਾਂ ਲਈ ਸੇਫਟੀ ਦੇ ਰੂਲ ਅਤੇ ਨਿਯਮ

Coast2000
A Western IntermodeX Enterprise

ਟਰਮੀਨਲ ਦੀ ਪ੍ਰਾਪਰਟੀ 'ਤੇ ਹੋਣ ਵੇਲੇ ਹਰ ਸਮੇਂ **ਨਿੱਜੀ ਹਿਫਾਜ਼ਤ ਦਾ ਸਾਜ਼-ਸਾਮਾਨ (ਪੀ ਪੀ ਈ)** ਪਾਇਆ ਜਾਣਾ ਜ਼ਰੂਰੀ ਹੈ। **ਪੀ ਪੀ ਈ** ਵਿਚ ਜ਼ਿਆਦਾ ਦਿਖਾਈ ਵਾਲੀ ਵੈਸਟ (ਝੱਗੀ) ਅਤੇ ਸੀ ਐੱਸ ਏ ਤੋਂ ਮਨਜ਼ੂਰਸ਼ੁਦਾ ਸੇਫਟੀ ਬੂਟ ਸ਼ਾਮਲ ਹਨ। ਕੋਈ ਛੋਟ **ਨਹੀਂ** ਹੈ।

## ਥਾਂ 'ਤੇ ਨਿਯਮ

- ਟਰਮੀਨਲ ਦੀ ਸਪੀਡ ਲਿਮਿਟ **20 ਕਿਲੋਮੀਟਰ/ਪ੍ਰਤੀ ਘੰਟਾ** ਹੈ। ਸਾਰੇ ਸਾਈਨਾਂ ਦੀ ਪਾਲਣਾ ਕਰੋ ਅਤੇ ਟਰੈਫਿਕ ਦੇ ਸਪਸ਼ਟ ਪੈਟਰਨ ਮੁਤਾਬਕ ਚੱਲੋ।
- ਸਾਰੇ ਗੇਟ ਏਰੀਏ, ਤੁਰਨ ਵਾਲਿਆਂ ਲਈ ਲਾਂਘਿਆ, ਰੀਫਰ ਪੋਆਇੰਟ ਅਤੇ ਸ਼ੌਪ ਦੇ ਏਰੀਏ ਵਿਚ ਟਰੱਕ ਦੀ ਸਪੀਡ 10 ਕਿਲੋਮੀਟਰ/ਪ੍ਰਤੀ ਘੰਟੇ 'ਤੇ ਘਟਾਉਣਾ ਜ਼ਰੂਰੀ ਹੈ। ਸਪੀਡ ਦੀ ਵਾਰ ਵਾਰ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।
- ਕਨਟੇਨਰ ਯਾਰਡ ਓਪਰੇਟਰਜ਼ (ਸਾਜ਼-ਸਾਮਾਨ) ਨੇ ਪਹਿਲਾਂ ਜਾਣਾ ਹੈ। ਕਦੇ ਵੀ ਕੋਸਟ2000 ਦੇ ਸਾਜ਼-ਸਾਮਾਨ ਦੇ ਅੱਗੇ ਜਾਂ ਪਿੱਛੇ ਕੱਟ ਨਾ ਮਾਰੋ।
- ਲਟਕਦੇ ਕਨਟੇਨਰਾਂ ਦੇ ਹੇਠ ਦੀ ਡਰਾਈਵ ਨਾ ਕਰੋ।
- ਸਦਾ ਕੋਸਟ2000 ਦੇ ਓਪਰੇਟਰਾਂ ਅਤੇ ਚੈੱਕਰਾਂ ਦੀਆਂ ਹਿਦਾਇਤਾਂ ਨੂੰ ਸੁਣੋ।
- ਟਰੱਕ ਦੀਆਂ ਹੈੱਡਲਾਈਟਾਂ ਔਨ ਹੋਣੀਆਂ ਜ਼ਰੂਰੀ ਹਨ, ਰੁਕੇ ਹੋਣ 'ਤੇ ਪਾਰਕਿੰਗ ਲਾਈਟਾਂ ਦੀ ਵਰਤੋਂ ਕਰੋ।
- ਡਰਾਈਵਰਾਂ ਨੇ ਪੋਰਟਸਾਈਡ 'ਤੇ ਕੌਰਨਰ ਅਤੇ ਮੇਨ ਗੇਟ ਨੂੰ ਬਲੌਕ ਨਹੀਂ ਕਰਨਾ।
- ਟਰੱਕ ਚਲਾਉਣ ਦੌਰਾਨ ਸੈੱਲ ਫੋਨਾਂ ਦੀ ਵਰਤੋਂ ਕਰਨ ਦੀ ਮਨਾਹੀ ਹੈ।
- ਡਰਾਈਵਰਾਂ ਨੇ ਆਪਣੇ ਟਰੱਕ ਹਰ ਸਮੇਂ ਗੇਟ ਲਾਈਨ 'ਤੇ ਮੂਵ ਕਰਨੇ ਹਨ। ਟਰੱਕਾਂ ਦੇ ਵਿਚਕਾਰ ਥਾਂਵਾਂ ਨਾ ਛੱਡੋ।
- ਆਊਟ-ਗੇਟ ਏਰੀਏ ਨੂੰ ਸਾਫ ਰੱਖੋ, ਸਟੌਪ ਸਾਈਨ 'ਤੇ ਜਾਂ ਆਪਣੇ ਮੂਹਰਲੇ ਟਰੱਕ ਕੋਲ ਜਾਉ।
- ਲਾਂਘਿਆਂ ਨੂੰ ਬਲੌਕ ਨਾ ਕਰੋ।
- ਕਿਰਪਾ ਕਰਕੇ ਲੋਡਿੰਗ ਜਾਂ ਅਨਲੋਡਿੰਗ ਵਾਲੇ ਏਰੀਏ ਵਿਚ ਇਕ ਲਾਈਨ ਵਿਚ ਖੜ੍ਹੇ ਹੋਵੋ। ਕਨਟੇਨਰ ਯਾਰਡ ਵਿਚ ਡਰਾਈਵਰ ਸਾਈਡ ਨਾਲ ਸਾਈਡ ਲਾ ਕੇ ਪਾਰਕ ਨਹੀਂ ਕਰ ਸਕਦੇ।
- ਜੇ ਓਪਰੇਟਰ ਜਾਂ ਚੈੱਕਰ ਵਲੋਂ ਖਾਸ ਤੌਰ 'ਤੇ ਅਜਿਹਾ ਕਰਨ ਲਈ ਕਿਹਾ ਨਹੀਂ ਗਿਆ ਹੈ ਤਾਂ ਯਾਰਡ ਜਾਂ ਗੇਟ ਏਰੀਏ ਵਿਚ ਬੈਕ ਅੱਪ ਨਾ ਕਰੋ।
- ਜੇ ਤੁਸੀਂ ਯਾਰਡ ਵਿਚਲੀ ਆਪਣੀ ਥਾਂ ਤੋਂ ਅੱਗੇ ਲੰਘ ਜਾਂਦੇ ਹੋ ਤਾਂ ਟਰੈਫਿਕ ਦੇ ਪੈਟਰਨ ਦੀ ਪਾਲਣਾ ਕਰੋ ਅਤੇ ਉਸ ਥਾਂ 'ਤੇ ਵਾਪਸ ਆਉ।
- ਜੇ ਓਪਰੇਟਰ ਜਾਂ ਚੈੱਕਰ ਨੇ ਰੀਫਰ ਦੀ ਸੈਟਿੰਗ ਦੱਸਣ ਲਈ ਨਹੀਂ ਕਿਹਾ ਜਾਂ ਇੰਸਪੈਕਸ਼ਨ ਦੀਆਂ ਮਿੱਥੀਆਂ ਹੋਈਆਂ ਲੇਨਾਂ ਤੋਂ ਬਿਨਾਂ ਡਰਾਈਵਰਾਂ ਨੇ ਹਰ ਵੇਲੇ ਆਪਣੇ ਟਰੱਕਾਂ ਵਿਚ ਰਹਿਣਾ ਹੈ।
- ਟਰੱਕ ਨੂੰ ਮੂਵ ਕਰਨ ਤੋਂ ਪਹਿਲਾਂ ਕਨਟੇਨਰ ਦੀਆਂ ਡੋਰਾਂ ਬੰਦ ਅਤੇ ਸੁਰੱਖਿਅਤ ਕਰਨਾ ਜ਼ਰੂਰੀ ਹੈ। ਡੋਰਾਂ ਖੋਲ੍ਹ ਕੇ ਨਾ ਬੈਨ੍ਹੋ।
- ਜੇ ਕਾਰਗੋ ਕੋਸਟ2000 ਤੇ ਲੋਡ ਕਰ ਰਹੇ ਹੋ ਜਾਂ ਲਾਹ ਰਹੇ ਹੋ ਤਾਂ ਆਊਟ ਗੇਟ 'ਤੇ ਡੋਰਾਂ ਨਾ ਖੋਲ੍ਹੋ, ਇਨ੍ਹਾਂ ਨੂੰ ਡੌਕ 'ਤੇ ਖੋਲ੍ਹੋ।
- ਵਧਾਈਆਂ ਜਾਣ ਦੇ ਸਟਾਈਲ ਵਾਲੀਆਂ ਚੈਸੀਆਂ ਦੇ ਐਕਸਲ ਕਨਟੇਨਰ ਦੇ ਪਿਛਲੇ ਪਾਸੇ ਦੇ ਹੇਠਾਂ ਇਕੱਠੇ ਹੋਣਾ ਜ਼ਰੂਰੀ ਹੈ ਤਾਂ ਜੋ ਕਨਟੇਨਰ ਦੀ ਸੁਰੱਖਿਅਤ ਤਰੀਕੇ ਨਾਲ ਇੰਸਪੈਕਸ਼ਨ ਕਰਨ ਲਈ ਚੈੱਕਰਾਂ ਦੀ ਸਾਫ਼ ਪਹੁੰਚ ਹੋਵੇ। ਐਕਸਲ, ਟਰਮੀਨਲ ਵਿਚ ਦਾਖਲ ਹੋਣ ਤੋਂ ਪਹਿਲਾਂ ਇਕੱਠੇ ਕਰਨਾ ਜ਼ਰੂਰੀ ਹੈ।

## ਅਨਲੋਡਿੰਗ

- ਕਨਟੇਨਰ ਛੱਡਣ ਵੇਲੇ, ਸਿੱਧਾ ਦਿੱਤੀ ਗਈ ਥਾਂ ਦੇ ਸਾਹਮਣੇ ਪਾਰਕ ਕਰੋ।
- ਇਹ ਪੱਕਾ ਕਰੋ ਕਿ ਕਨਟੇਨਰ "ਇਨ-ਗੇਟ" 'ਤੇ ਚੈਸੀਆਂ ਤੋਂ ਅਨਲੌਕ ਕੀਤਾ ਗਿਆ ਹੈ ਅਤੇ ਅਨਲੋਡਿੰਗ ਦੇ ਕੰਮ ਦੌਰਾਨ ਅਨਲੌਕਡ ਰਹਿੰਦਾ ਹੈ।
- ਉਦੋਂ ਤੱਕ ਟਰੱਕ ਮੂਵ ਨਾ ਕਰੋ ਜਦ ਤੱਕ ਟਰਮੀਨਲ ਬਲੌਕ ਲਈ ਕਨਟੇਨਰ ਚੈਸੀਆਂ ਤੋਂ ਚੁੱਕ ਨਹੀਂ ਲੈਂਦਾ।

## ਲੋਡਿੰਗ

- ਕਨਟੇਨਰ ਚੁੱਕਣ ਵੇਲੇ, ਦਿੱਤੀ ਗਈ ਥਾਂ ਤੋਂ ਪਹਿਲਾਂ ਬਲੌਕ 'ਤੇ ਪਾਰਕ ਕਰੋ।
- ਉਦੋਂ ਤੱਕ ਟਰੱਕ ਨੂੰ ਮੂਵ ਨਾ ਕਰੋ ਜਦੋਂ ਤੱਕ ਟਰਮੀਨਲ ਦਾ ਸਾਜ਼-ਸਾਮਾਨ ਕਨਟੇਨਰ ਤੋਂ ਦੂਰ ਨਹੀਂ ਹੋ ਜਾਂਦਾ।
- ਕਨਟੇਨਰ ਨੂੰ "ਆਊਟ-ਗੇਟ" ਤੇ ਜਾਣ ਤੱਕ ਚੈਸੀਆਂ 'ਤੇ ਲੌਕ ਨਾ ਕਰੋ।

## ਐਕਸੀਡੈਂਟ, ਸੱਟਾਂ ਅਤੇ ਐਮਰਜੰਸੀਆਂ

- ਕਿਸੇ ਐਕਸੀਡੈਂਟ ਦੀ ਸੂਰਤ ਵਿਚ, ਜੇ ਕੋਈ ਫੌਰੀ ਖਤਰਾ ਨਹੀਂ ਹੈ ਤਾਂ ਟਰੱਕ ਨੂੰ ਮੂਵ ਨਾ ਕਰੋ। ਟਰੱਕ ਅਤੇ ਡਰਾਈਵਰ ਦਾ ਐਕਸੀਡੈਂਟ ਦੀ ਪੜਤਾਲ ਵਿਚ ਹਿੱਸਾ ਲੈਣ ਅਤੇ ਢੁਕਵੇਂ ਪੇਪਰ ਦੇਣ ਲਈ ਉਸੇ ਹਾਲਤ ਵਿਚ ਰਹਿਣਾ ਜ਼ਰੂਰੀ ਹੈ। ਪੜਤਾਲ ਦੌਰਾਨ ਟਰੱਕ ਡਰਾਈਵਰ ਜਾਣਕਾਰੀ ਇਕੱਠੀ ਕਰ ਸਕਦਾ ਹੈ। ਟਰਮੀਨਲ ਤੋਂ ਜਾਣ ਤੋਂ ਪਹਿਲਾਂ ਟਰੱਕ ਜਾਂ ਚੈਸੀਆਂ ਦਾ ਸਾਰਾ ਨੁਕਸਾਨ ਰਿਪੋਰਟ ਕੀਤਾ ਜਾਣਾ ਜ਼ਰੂਰੀ ਹੈ। ਟਰਮੀਨਲ ਤੋਂ ਨਿਕਲਣ ਤੋਂ ਪਹਿਲਾਂ ਟਰੱਕ, ਚੈਸੀਆਂ, ਸਾਜ਼-ਸਾਮਾਨ, ਕਨਟੇਨਰ ਜਾਂ ਕਾਰਗੋ ਨੂੰ ਹੋਏ ਨੁਕਸਾਨ ਲਈ ਕਲੇਮ ਦੀ ਰਿਪੋਰਟ ਕਰਨ ਵਿਚ ਫੇਲ੍ਹ ਹੋਣਾ, ਕੋਸਟ2000 ਨੂੰ ਸਾਰੀ ਦੇਣਦਾਰੀ (ਲਾਇਬਿਲਟੀ) ਤੋਂ ਮੁਕਤ ਕਰ ਦੇਵੇਗਾ।
- ਸੱਟ ਲੱਗਣ ਦੀ ਸੂਰਤ ਵਿਚ, ਕੋਸਟ2000 ਦੇ ਅਮਲੇ ਨਾਲ ਫੌਰਨ ਸੰਪਰਕ ਕਰੋ ਅਤੇ ਫਸਟ ਏਡ ਦੀ ਮਦਦ ਮੰਗੋ।
- ਡਰੱਗਜ਼ ਜਾਂ ਸ਼ਰਾਬ ਦੀ ਆਗਿਆ ਨਹੀਂ ਹੈ। ਜੇ ਕਿਸੇ ਡਰਾਈਵਰ ਉੱਪਰ ਡਰੱਗਜ਼ ਜਾਂ ਸ਼ਰਾਬ ਦੇ ਨਸ਼ੇ ਵਿਚ ਹੋਣ ਦੀ ਸ਼ੱਕ ਕੀਤੀ ਜਾਂਦੀ ਹੈ ਤਾਂ ਉਸ ਨੂੰ ਸਰਵਿਸ ਦੇਣ ਤੋਂ ਨਾਂਹ ਕਰ ਦਿੱਤੀ ਜਾਵੇਗੀ ਅਤੇ ਪੁਲੀਸ ਨੂੰ ਸੱਦਿਆ ਜਾਵੇਗਾ। ਟਰੱਕ, ਚੈਸੀਆਂ, ਸਾਜ਼-ਸਾਮਾਨ, ਕਨਟੇਨਰ ਜਾਂ ਕਾਰਗੋ ਨੂੰ ਹੋਏ ਕਿਸੇ ਵੀ ਅਜਿਹੇ ਨੁਕਸਾਨ ਲਈ ਕੋਸਟ2000 ਜ਼ਿੰਮੇਵਾਰ ਨਹੀਂ ਹੋਵੇਗੀ ਜਿਹੜਾ ਅਯੋਗ ਢੰਗ ਨਾਲ ਸੰਭਾਲਿਆ ਗਿਆ ਹੈ ਜਾਂ ਜਿਸ ਬਾਰੇ ਇਹ ਯਕੀਨ ਕੀਤਾ ਜਾਂਦਾ ਹੈ ਕਿ ਇਹ ਨੁਕਸਾਨ ਪਹਿਲਾਂ ਦਾ ਸੀ।

**ਸੇਫਟੀ ਹਰ ਇਕ ਦੀ ਜ਼ਿੰਮੇਵਾਰੀ ਹੈ।**

ਕੋਸਟ2000 ਟਰਮਿਨਲਜ਼ ਲਿਮਟਿਡ ਲੋੜ ਮੁਤਾਬਕ ਇਥੇ ਦੱਸੇ ਗਏ ਨਿਯਮਾਂ ਅਤੇ ਰੈਗੂਲੇਸ਼ਨਜ਼ ਨੂੰ ਸੋਧਣ ਦਾ ਹੱਕ ਰੱਖਦੀ ਹੈ।